# 11th India-Finland Foreign Office Consultations

November 24, 2021

## ਭਾਰਤ ਅਤੇ ਫਿਨਲੈਂਡ ਦੇ ਵਿਦੇਸ਼ ਦਫ਼ਤਰਾਂ ਦਰਮਿਆਨ 11ਵੇਂ ਸਲਾਹ-ਮਸ਼ਵਰੇ

### 24 ਨਵੰਬਰ, 2021

1. ਭਾਰਤ ਅਤੇ ਫਿਨਲੈਂਡ ਦੇ ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ ਦਾ 11ਵਾਂ ਗੇੜ 23 ਨਵੰਬਰ, 2021 ਨੂੰ ਹੇਲਸਿੰਕੀ ਵਿਖੇ ਹੋਇਆ। ਭਾਰਤੀ ਪੱਖ ਦੀ ਅਗਵਾਈ ਵਿਦੇਸ਼ ਮੰਤਰਾਲੇ ਦੀ ਸਕੱਤਰ (ਪੱਛਮ) ਸ਼੍ਰੀਮਤੀ ਰੀਨਤ ਸੰਧੂ ਨੇ ਕੀਤੀ ਅਤੇ ਫਿਨਲੈਂਡ ਦੇ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸਥਾਈ ਸਕੱਤਰ ਸ਼੍ਰੀ ਮੈਟੀ ਐਨਟੋਨੇਨ ਨੇ ਕੀਤੀ।

2. ਭਾਰਤ ਅਤੇ ਫਿਨਲੈਂਡ ਦੇ ਲੋਕਤੰਤਰ, ਆਜ਼ਾਦੀ, ਕਾਨੂੰਨ ਦੇ ਰਾਜ ਅਤੇ ਮਨੁੱਖੀ ਅਧਿਕਾਰਾਂ ਦੇ ਸਨਮਾਨ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਦੇ ਆਧਾਰ 'ਤੇ ਨਿੱਘੇ ਅਤੇ ਦੋਸਤਾਨਾ ਸਬੰਧ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪ੍ਰਧਾਨ ਮੰਤਰੀ ਸਨਾ ਮਾਰਿਨ ਦਰਮਿਆਨ 16 ਮਾਰਚ, 2021 ਨੂੰ ਹੋਏ ਵਰਚੁਅਲ ਸਿਖ਼ਰ ਸੰਮੇਲਨ ਨਾਲ ਸਾਡੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਰਫਤਾਰ ਮਿਲੀ ਹੈ।

3. ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ ਸਦਕਾ ਵਪਾਰ ਅਤੇ ਨਿਵੇਸ਼, ਵਿਗਿਆਨ ਅਤੇ ਟੈਕਨੋਲੋਜੀ, ਸਿੱਖਿਆ, ਡਿਜੀਟਾਈਜ਼ੇਸ਼ਨ, ਆਰਟੀਫੀਸ਼ੀਅਲ ਇੰਟੈਲੀਜੈਂਸ, ਕੁਆਂਟਮ ਕੰਪਿਊਟਿੰਗ, ਨਵੀਨਤਾ, ਟਿਕਾਊ ਵਿਕਾਸ, ਸਰਕੂਲਰ ਆਰਥਿਕਤਾ ਅਤੇ ਨਵਿਆਉਣਯੋਗ ਊਰਜਾ ਵਰਗੇ ਵੱਖ -ਵੱਖ  ਖੇਤਰਾਂ ਵਿੱਚ ਸਾਡੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਸਮੇਤ ਸਮੁੱਚੇ ਦੁਵੱਲੇ ਸਬੰਧਾਂ 'ਤੇ ਚਰਚਾ ਕਰਨ ਦਾ ਮੌਕਾ ਮਿਲਿਆ ਹੈ। ਦੋਵਾਂ ਪੱਖਾਂ ਨੇ ਵਰਚੁਅਲ ਸਿਖ਼ਰ ਸੰਮੇਲਨ ਤੋਂ ਬਾਅਦ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਕਿੱਤਾਪਰਕ ਸਿੱਖਿਆ, ਪੁਲਾੜ, ਸਟਾਰਟਅੱਪਸ, ਸਿਹਤ ਅਤੇ ਫਾਰਮਾਸਿਊਟੀਕਲਜ਼ ਵਰਗੇ ਨਵੇਂ ਖੇਤਰਾਂ ਵਿੱਚ ਸਹਿਯੋਗ ਦੀ ਸੰਭਾਵਨਾਵਾਂ ਤਲਾਸ਼ਣ ਉੱਤੇ ਵੀ ਸਹਿਮਤੀ ਪ੍ਰਗਟਾਈ।

4. ਦੋਵਾਂ ਪੱਖਾਂ ਨੇ ਕਿਹਾ ਕਿ ਭਾਰਤ ਵਿੱਚ ਫਿਨਲੈਂਡ ਦੀਆਂ 100 ਤੋਂ ਵੱਧ ਕੰਪਨੀਆਂ ਅਤੇ ਫਿਨਲੈਂਡ ਵਿੱਚ 30 ਭਾਰਤੀ ਕੰਪਨੀਆਂ ਦੀ ਮੌਜੂਦਗੀ ਨੇ ਇੱਕ ਦੂਜੇ ਦੀਆਂ ਅਰਥਵਿਵਸਥਾਵਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਭਾਰਤੀ ਪੱਖ ਨੇ ਫਿਨਲੈਂਡ ਦੀਆਂ ਕੰਪਨੀਆਂ ਨੂੰ ਮੇਕ ਇਨ ਇੰਡੀਆ, ਡਿਜੀਟਲ ਇੰਡੀਆ ਆਦਿ ਵਰਗੀਆਂ ਪ੍ਰਮੁੱਖ ਪਹਿਲਾਂ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

5. ਦੋਵਾਂ ਪੱਖਾਂ ਨੇ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਦੀ ਆਵਾਜਾਈ ਸਮੇਤ ਦੋਵਾਂ ਦੇਸ਼ਾਂ ਵਿਚਕਾਰ ਵਧੇਰੇ ਗਤੀਸ਼ੀਲਤਾ ਦੀ ਲੋੜ 'ਤੇ ਚਰਚਾ ਕੀਤੀ। ਇਸ ਸੰਦਰਭ ਵਿੱਚ ਉਨ੍ਹਾਂ ਨੇ ਹਾਲ ਵਿੱਚ ਹੀ ਖਤਮ ਹੋਈ ਏਅਰ ਬਬਲ ਵਿਵਸਥਾ 'ਤੇ ਤਸੱਲੀ ਪ੍ਰਗਟਾਈ, ਜਿਸ ਨਾਲ ਭਾਰਤ ਅਤੇ ਫਿਨਲੈਂਡ ਦਰਮਿਆਨ ਸਿੱਧੀਆਂ ਉਡਾਣਾਂ ਮੁੜ ਸ਼ੁਰੂ ਹੋ ਸਕਣਗੀਆਂ।

6. ਦੋਵਾਂ ਪੱਖਾਂ ਨੇ COVID -19 ਸਥਿਤੀ ਅਤੇ ਦੋਵਾਂ ਦੇਸ਼ਾਂ ਵਿੱਚ ਟੀਕਾਕਰਨ ਮੁਹਿੰਮ ਬਾਰੇ ਚਰਚਾ ਕੀਤੀ। ਇਸ ਚਰਚਾ ਵਿੱਚ ਜਲਵਾਯੂ ਪਰਿਵਰਤਨ ਅਤੇ 2030 SDG ਏਜੰਡੇ ਨੂੰ ਵੀ ਸ਼ਾਮਲ ਕੀਤਾ ਗਿਆ।

7. ਫਿਨਲੈਂਡ ਪੱਖ ਨੇ ਭਾਰਤ ਦੀ ਆਜ਼ਾਦੀ ਦੇ 75 ਸਾਲਾਂ ਪੂਰੇ ਹੋਣ ਮੌਕੇ ਭਾਰਤ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਇਸ ਮਹੱਤਵਪੂਰਨ ਮੌਕੇ 'ਤੇ ਹੋਣ ਵਾਲੇ ਵੱਖ-ਵੱਖ ਯਾਦਗਾਰੀ ਸਮਾਗਮਾਂ ਵਿਚ ਹਿੱਸਾ ਲੈਣ ਲਈ ਉਤਸੁਕ ਹਨ।

8. ਦੋਵਾਂ ਪੱਖਾਂ ਨੇ ਅਫ਼ਗਾਨਿਸਤਾਨ, ਭਾਰਤ- ਪ੍ਰਸ਼ਾਂਤ, ਭਾਰਤ-ਯੂਰਪੀ ਸੰਘ ਭਾਈਵਾਲੀ, ਆਰਕਟਿਕ ਅਤੇ ਅੰਟਾਰਕਟਿਕ ਖੇਤਰਾਂ ਵਿੱਚ ਸਹਿਯੋਗ ਅਤੇ COP -26 ਸਮੇਤ ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਦੋਵੇਂ ਪੱਖਾਂ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ (2022-2024) ਅਤੇ ਹੋਰ ਬਹੁਪੱਖੀ ਮੰਚਾਂ 'ਤੇ ਆਪਣੇ ਕਾਰਜਕਾਲ ਦੌਰਾਨ ਸਹਿਯੋਗ ਵਧਾਉਣ 'ਤੇ ਸਹਿਮਤੀ ਦਿੱਤੀ।

9. ਸਕੱਤਰ (ਪੱਛਮ) ਨੇ ਫਿਨਲੈਂਡ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਪੇਕਾ ਹੈਵਿਸਟੋ ਨਾਲ ਵੀ ਮੁਲਾਕਤ ਕੀਤੀਏ ਅਤੇ ਦੁਵੱਲੇ ਸਬੰਧਾਂ ਵਿੱਚ ਆਈ ਸਕਾਰਾਤਮਕ ਦਿਸ਼ਾ ਅਤੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਅਤੇ ਚਰਚਾ ਕੀਤੀ।

ਹੇਲਸਿੰਕੀ
23 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.